# ਆਮ ਨਿਯੁਕਤੀਆਂ

ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੋਜਗਾਰ ਗਰੰਟੀ ਐਕਟ ਅਧੀਨ ਜ਼ਿਲ੍ਹਾ ਕਪੂਰਥਲਾ ਵਿੱਚ ਹੇਠ ਲਿਖੇ ਅਨੁਸਾਰ ਸਟਾਫ ਦੀ ਜਰੂਰਤ ਹੈ। ਇਹ ਸਟਾਫ ਪੂਰਨ ਤੋਰ ਤੇ ਠੇਕੇ ਤੇ ਆਧਾਰਿਤ ਹੋਵੇਗਾ ਅਤੇ ਮਾਨਭੱਤਾ ਸਕੀਮ ਅਧੀਨ ਕੰਟਨਜੈਂਸੀ ਮੱਦ ਵਿੱਚੋਂ ਦਿੱਤਾ ਜਾਵੇਗਾ।

| ਲੜੀ ਨੰ | ਅਸਾਮੀ ਦਾ ਨਾਂਅ | ਅਸਾਮੀਆਂ ਦੀ ਗਿਣਤੀ | ਯੋਗਤਾ ਅਤੇ ਤਜਰਬਾ | ਮਾਨ ਭੱਤਾ |
|---|---|---|---|---|
| 1 | ਅਕਾਊਟਸ ਮੈਨੇਜਰ | 1 | M.Com/B.Com/CA ਸਮੇਤ ਸਬੰਧਤ ਫੀਲਡ ਵਿੱਚ 1 ਸਾਲ ਦਾ ਤਜਰਬਾ, ਐਮ.ਐਸ.ਆਫਿਸ ਵਿੱਚ ਮੁਹਾਰਤ, ਇੰਟਰਨੈਟ ਅਤੇ ਬੇਸਿਕ ਪ੍ਰੋਗਰਾਮਿੰਗ ਸਕਿਲ, Tally ਵਰਗੇ ਸਾਫਟਵੇਅਰ ਵਿੱਚ ਮੁਹਾਰਤ, ਜਾਂ ਸਰਕਾਰੀ/ਅਰਧ ਸਰਕਾਰੀ ਵਿਭਾਗ ਵਿੱਚੋਂ ਸੇਵਾ ਮੁੱਕਤ ਅਕਾਊਟ ਅਸਿਸਟੈਂਟ ਜੋ Tally Software ਵਿੱਚ ਮੁਹਾਰਤ ਰੱਖਦਾ ਹੋਵੇ। | ਉੱਕਾ-ਪੁੱਕਾ 17000/- ਰੁ. ਪ੍ਰਤੀ ਮਹੀਨਾਂ |
| 2 | ਕੰਪਿਊਟਰ ਅਸਿਸਟੈਂਟ | 1 | BCA/B.Tech/MCA ਜਾਂ ਬਰਾਬਰ ਦੀ ਯੋਗਤਾ ਨਾਲ ਐਮ.ਐਸ.ਆਫਿਸ ਵਿੱਚ ਮੁਹਾਰਤ, ਇੰਟਰਨੈਟ ਅਤੇ ਬੇਸਿਕ ਪ੍ਰੋਗਰਾਮਿੰਗ ਸਕਿਲ, ਇਕ ਸਾਲ ਦਾ ਤਜਰਬਾ ਅਤੇ ਟਾਈਪਿੰਗ ਸਪੀਡ (30 ਅੱਖਰ ਪ੍ਰਤੀ ਮਿੰਟ) ਅੰਗਰੇਜੀ ਅਤੇ ਪੰਜਾਬੀ। | ਉੱਕਾ-ਪੁੱਕਾ 11000/- ਰੁ. ਪ੍ਰਤੀ ਮਹੀਨਾਂ |
| 3 | ਟੈਕਨੀਕਲ ਸਹਾਇਕ | 4 | ਸਿਵਲ ਇੰਜੀਨੀਰਿੰਗ ਵਿੱਚ ਡਿਗਰੀ/ਡਿਪਲੋਮਾ ਜੋ ਕਿਸੇ ਸਰਕਾਰੀ ਮਾਨਤਾ ਪ੍ਰਾਪਤ ਸੰਸਥਾ ਅਤੇ ਕੰਪਿਊਟਰ ਵਿੱਚ ਮੁਹਾਰਤ (MS word, Excel, date base functions) ਜਾਂ ਸਰਕਾਰੀ/ਅਰਧ ਸਰਕਾਰੀ ਵਿਭਾਗ ਵਿੱਚੋਂ ਸੇਵਾ ਮੁਕਤ ਜੇ.ਈ./ਐਸ.ਡੀ.ਓ. (ਸਿਵਲ ਵਰਕਸ) | ਉੱਕਾ-ਪੁੱਕਾ 15900/- (ਤਨਖਾਹ 15000 ਰੁ.+ ਟੀ.ਏ 900 ਰੁ.) ਪ੍ਰਤੀ ਮਹੀਨਾਂ |
| 4 | ਗ੍ਰਾਮ ਰੋਜਗਾਰ ਸੇਵਕ | 25 | ਬਾਰਵੀਂ ਜਮਾਤ ਪਾਸ, ਕੰਪਿਊਟਰ ਵਿੱਚ ਡਾਟਾ ਐਂਟਰੀ ਦੀ ਮੁਹਾਰਤ | ਉੱਕਾ-ਪੁੱਕਾ 9400/- (ਤਨਖਾਹ 8500 ਰੁ.+ ਟੀ.ਏ 900 ਰੁ.) ਪ੍ਰਤੀ ਮਹੀਨਾਂ |

ਸ਼ਰਤਾਂ:

1. ਚੁੱਣੇ ਗਏ ਉਮੀਦਵਾਰ ਨੂੰ ਜ਼ਿਲ੍ਹਾ ਜਾਂ ਬਲਾਕ ਜਾਂ ਪਿੰਡ ਪੱਧਰ ਤੇ ਤਾਇਨਾਤ ਕੀਤਾ ਜਾਵੇਗਾ।
2. ਨੌਕਰੀ ਲਈ ਤਾਇਨਾਤ ਕੀਤੇ ਉਮੀਦਵਾਰ ਕੰਟਰੈਕਟ ਅਨੁਸਾਰ ਕੰਟਰੈਕਟ ਖਤਮ ਹੋਣ ਜਾਂ ਪ੍ਰੋਜੈਕਟ/ਸਕੀਮ ਖਤਮ ਹੋਣ ਤੇ ਆਪਣੇ ਆਪ ਹੀ ਨੌਕਰੀ ਤੋ ਬਰਖਾਸਤ ਸਮਝੇ ਜਾਣਗੇ। ਇਸ ਸਬੰਧੀ ਉਮਿਦਵਾਰ ਵਲੋਂ ਕਿਸੇ ਤਰਾਂ ਦਾ ਕੋਈ ਦਾਅਵਾ/ਅਧਿਕਾਰ ਪੇਸ਼ ਨਹੀ ਕੀਤਾ ਜਾਵੇਗਾ।
3. ਉਮਰ ਦੀ ਹੱਦ ਮਿਤੀ 31.01.2019 ਨੂੰ 18 ਤੋਂ 37 ਸਾਲ ਹੋਵੇਗੀ। ਇਸ ਤੋਂ ਇਲਾਵਾ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਐਸ.ਸੀ./ਐਸ.ਟੀ. ਅਤੇ ਪੱਛੜੀਆਂ ਸ੍ਰੇਣੀਆਂ ਨੂੰ ਉਮਰ ਦੀ ਸੀਮਾਂ ਵਿੱਚ ਛੋਟ ਦਿੱਤੀ ਜਾਵੇਗੀ।
4. ਬਿਨੈਕਾਰ ਆਪਣੀ ਅਰਜੀ ਸਮੇਤ ਸਰਟੀਫਿਕੇਟਾਂ ਦੀਆਂ ਤਸਦੀਕਸ਼ੁਦਾ ਫੋਟੋ ਕਾਪੀਆਂ ਏ.ਡੀ.ਸੀ.(ਵਿ) ਕਮ ਐਡਿਸ਼ਨਲ ਪ੍ਰੋਗਰਾਮ ਕੋਆਰਡੀਨੇਟਰ, ਜ਼ਿਲ੍ਹਾ ਪ੍ਰੀਸ਼ਦ ਬਿਲਡਿੰਗ ਕਪੂਰਥਲਾ ਦੇ ਦਫਤਰ ਵਿੱਚ ਮਿਤੀ 18.02.2019 ਤੱਕ ਪੁੱਜਦੀਆਂ ਕਰ ਸਕਦੇ ਹਨ। ਮਿੱਥੀ ਮਿਤੀ ਤੋਂ ਬਾਅਦ ਜਾਂ ਡਾਕ ਰਾਹੀਂ ਪ੍ਰਾਪਤ ਬਿਨੈ ਪੱਤਰ/ਅਰਜੀਆਂ ਸਵੀਕਾਰ ਨਹੀ ਕੀਤੀਆਂ ਜਾਣਗੀਆਂ/ਵਿਚਾਰੀਆਂ ਜਾਣਗੀਆਂ।
5. ਲੜੀ ਨੰ 2 ਤੇ ਦਰਜ਼ ਅਸਾਮੀ ਦਾ ਕੰਪਿਊਟਰ/ਟਾਈਪਿੰਗ ਟੈਸਟ ਮਿਤੀ 25.02.2019 ਨੂੰ ਦਫਤਰ ਏ.ਡੀ.ਸੀ.(ਵਿ) ਕਪੂਰਥਲਾ ਵਿਖੇ ਲਿਆ ਜਾਵੇਗਾ
6. ਇੰਟਰਵਿਊ ਮਿਤੀ 28.02.2019 ਨੂੰ 10.00 ਵਜੇ ਸਿਲੈਕਸ਼ਨ ਕਮੇਟੀ ਵੱਲੋ ਦਫਤਰ ਏ.ਡੀ.ਸੀ.(ਵਿ) ਕਪੂਰਥਲਾ ਵਿੱਖੇ ਲਈ ਜਾਵੇਗੀ।

ਵਧੀਕ ਡਿਪਟੀ ਕਮਿਸ਼ਨਰ(ਵਿ)
ਕਪੂਰਥਲਾ।

Scanned by CamScanner